*੧੦ ਜੂਨ ਨੂੰ ੧੩੧ਵੀਂ ਸ਼ਹੀਦੀ ਬਰਸੀ ਤੇ*

# ਸੂਬਾ ਸਾਹਿਬ ਸਿੰਘ ਜੀ

*—ਗੁਰਸੇਵਕ ਸਿੰਘ ਢਿੱਲੋਂ*

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਨਿਵਾਜੇ ਸੂਬਿਆਂ ਵਿਚੋਂ ਇਕ ਮਹੱਤਵਪੂਰਨ ਨਾਮ ਹੈ— ਸੂਬਾ ਸਾਹਿਬ ਸਿੰਘ। ਗੁਰਬਾਣੀ ਵਿਚ ਪਾਠ ਹੈ। ਤਿਸੁ ਗੁਰਸਿਖ ਕਉ ਹਉ ਸਦਾ ਨਮਸਕਾਰੀ, ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ (ਮ:੩)। ਸੂਬਾ ਸਾਹਿਬ ਸਿੰਘ ਜੀ ਨੇ ਗੁਰੂ ਜੀ ਦੇ ਹੁਕਮ ਨੂੰ ਸਦਾ ਹੀ ਪਹਿਲ ਦਿੱਤੀ ਤੇ ਭਾਣਾ ਸਦਾ ਹੀ ਮਿੱਠਾ ਕਰਕੇ ਮੰਨਿਆ। ਸੂਬਾ ਜੀ ਦੇ ਜੀਵਨ ਵਿਚੋਂ ਦਾਸ ਕੁਝ ਕੁ ਸ਼ਬਦ ਲਿਖਣ ਦਾ ਉਪਰਾਲਾ ਕਰ ਰਿਹਾ ਹੈ—

ਜਨਮ—ਸੂਬਾ ਸਾਹਿਬ ਸਿੰਘ ਜੀ ਜਨਮ ਜ਼ਿਲ੍ਹਾ ਅੰਮ੍ਰਿਤਸਰ (ਤਰਨਤਾਰਨ) ਪਿੰਡ ਬੰਗਾਲੀਪੁਰ ਵਿਚ ਹੋਇਆ। ਮਿਸਤਰੀ ਨਿਹਾਲ ਸਿੰਘ ਦੇ ਘਰ ਤਿੰਨ ਸਪੁੱਤਰ ਪੈਦਾ ਹੋਏ। ਸਾਹਿਬ ਸਿੰਘ, ਰੂੜ ਸਿੰਘ ਅਤੇ ਹੀਰਾ ਸਿੰਘ। ਸੂਬਾ ਸਾਹਿਬ ਸਿੰਘ ਜੀ ਸਭ ਤੋਂ ਵੱਡੇ ਸਪੁੱਤਰ ਸਨ। ਇਨ੍ਹਾਂ ਦੇ ਭਰਾ ਰੂੜ ਸਿੰਘ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜ਼ਿਲ੍ਹਾ ਅੰਮ੍ਰਿਤਸਰ ਦਾ ਸੂਬਾ ਥਾਪਿਆ ਹੋਇਆ ਸੀ। ਇਨ੍ਹਾਂ ਦੇ ਭਰਾ ਹੀਰਾ ਸਿੰਘ ਘਰ ਸ੍ਰੀ ਗੁਰਮੁੱਖ ਸਿੰਘ, ਕਿਸ਼ਨ ਸਿੰਘ, ਪ੍ਰਤਾਪ ਸਿੰਘ, ਤਿੰਨ ਸਪੁੱਤਰ ਪੈਦਾ ਹੋਏ। ਬਾਬੇ ਪ੍ਰਤਾਪ ਸਿੰਘ ਜੀ ਦੇ ਤਿੰਨ ਸਪੁੱਤਰ ਸਨ— ਸਰਧਾ ਸਿੰਘ, ਮੱਲ ਸਿੰਘ, ਮੰਨਾ ਸਿੰਘ। ਸੰਤ ਸਰਧਾ ਸਿੰਘ ਜੋ ਨਾਮਧਾਰੀ ਪੰਥ ਵਿਚ ਸਿਦਕਵਾਨ ਸਿੱਖ ਸਨ। ਇਨ੍ਹਾਂ ਦੇ ਹਰਨਾਮ ਸਿੰਘ ਉਤਮ ਸਿੰਘ ਤੇ ਦਰਸ਼ਨ ਸਿੰਘ ਤਿੰਨ ਸਪੁੱਤਰ ਪੈਦਾ ਹੋਏ। ਏਸੇ ਤਰ੍ਹਾਂ ਮੱਲ ਸਿੰਘ ਜੀ ਦੇ ਦਰਬਾਰਾ ਸਿੰਘ ਤੇ ਜੋਧ ਸਿੰਘ ਅਤੇ ਮੰਨਾ ਸਿੰਘ ਦੇ ਟਹਿਲ ਸਿੰਘ, ਦੀਵਾਨ ਸਿੰਘ ਤੇ ਭਗਵਾਨ ਸਿੰਘ ਤਿੰਨ ਸਪੁੱਤਰ ਹੋਏ।

ਸੂਬਾ ਸਾਹਿਬ ਸਿੰਘ ਜੀ ੧੯ ਸਾਲ ਦੀ ਉਮਰ ਵਿਚ ਪਿੰਡ ਬੰਗਾਲੀਪੁਰ ਆਈ ਨਾਂਗੇ ਸਾਧੂਆਂ ਦੀ ਇਕ ਮੰਡਲੀ ਨਾਲ ਘਰੋਂ ਨਿਕਲ ਗਏ ਸਨ। ੧੨ ਸਾਲ ਬਾਅਦ ਜਦੋਂ ਇਹ (ਬੰਗਾਲੀਪੁਰ) ਮੰਡਲੀ ਨਾਲ ਵਾਪਸ ਆਏ ਤਾਂ ਏਥੇ ਇੰਨ੍ਹਾਂ ਦੀ ਇਕ ਉਦਾਸੀ ਸਾਧੂ ਨਾਲ ਸ਼ਰਤ ਲੱਗੀ। ਸ਼ਰਤ ਇਹ ਸੀ ਕਿ ਪਿੰਡ ਬੰਗਾਲੀਪੁਰ ਵਿਚ ਇਕ ਡੂੰਘੀ ਢਾਬ ਹੈ। ਪੋਹ ਮਾਘ ਦੀ ਕਕਰੀਲੀ ਰਾਤ ਨੂੰ ਸਾਰੀ ਰਾਤ ਪਾਣੀ ਵਿਚ ਖੜ੍ਹਕੇ ਤਪ ਕਰਨਾ ਹੈ। ਉਦਾਸੀ ਸਾਧੂ ਨੇ ਕਿਹਾ ਜਿਹੜਾ ਹਾਰ ਜਾਵੇ ਉਹ ਦੂਸਰੇ ਦੀ ਮੰਡਲੀ ਵਿਚ ਸ਼ਾਮਲ ਹੋਏਗਾ। ਸਾਰੀ ਰਾਤ ਪਾਣੀ ਵਿਚ ਖੜ੍ਹਕੇ ਤਪ ਕਰਦੇ ਰਹੇ। ਜਦੋਂ ਸਵੇਰੇ ਪੰਜ ਕੁ ਵਜੇ ਦਾ ਸਮਾਂ ਹੋਇਆ ਤਾਂ ਸਾਹਿਬ ਦਾਸ ਹਾਰ ਮੰਨ ਗਿਆ। ਅਤੇ ਧੂਣੀ ਉਤੇ ਆ ਕੇ ਬੈਠ ਗਿਆ। ਕੁਝ ਚਿਰ ਬਾਅਦ ਉਦਾਸੀ ਸਾਧੂ ਵੀ ਪਾਣੀ ਵਿਚੋਂ ਬਾਹਰ ਨਿਕਲ ਆਇਆ। ਅਤੇ ਆਪਣੀ ਰੱਖੀ ਸ਼ਰਤ ਸਾਹਿਬ ਦਾਸ ਅੱਗੇ ਦੁਹਰਾਈ। ਸ਼ਰਤ ਅਨੁਸਾਰ



ਸਾਹਿਬ ਦਾਸ ਨੇ ਨਾਂਗੇ ਸਾਧੂਆਂ ਦੀ ਮੰਡਲੀ ਤਿਆਗ ਦਿੱਤੀ ਅਤੇ ਉਦਾਸੀ ਸਾਧੂਆਂ ਦੀ ਮੰਡਲੀ ਵਿਚ ਸ਼ਾਮਲ ਹੋ ਗਿਆ। ਉਦਾਸੀ ਮਹਾਤਮਾ ਦਾ ਨਾਮ ਬਿਸ਼ੰਭਰਦਾਸ ਸੀ। ਤੇ ਉਦਾਸੀ ਮਹਾਤਮਾ ਨੇ ਆਪਣੀ ਮੰਡਲੀ ਵਿਚ ਇਸਨੂੰ ਸ਼ਾਮਲ ਕਰਕੇ ਇਸਦਾ ਨਾਮ ਸੁਤੇ ਪ੍ਰਕਾਸ਼ ਰੱਖਿਆ ਸੀ। ਅਤੇ ਨਾਂਗੇ ਸਾਧੂਆਂ ਦੀ ਮੰਡਲੀ ਵਿਚੋਂ ਮੁੱਖ ਸਾਧੂ ਸਨ— ਪੁਰਸ਼ੋਤਮ ਦਾਸ, ਨਿਰੰਜਨ ਦਾਸ। ਸੂਬਾ ਜੀ ਉਦਾਸੀ ਸਾਧੂਆਂ ਦੀ ਮੰਡਲੀ ਵਿਚ ਕਥਾ ਵਾਰਤਾ ਕਰਦੇ ਸਨ। ਅਤੇ ਯੋਗ ਅਖਾੜਿਆਂ ਦਾ ਪ੍ਰਬੰਧ ਕਰਦੇ ਸਨ। ਉਦਾਸੀ ਸੰਪਰਦਾ ਵਿਚ ਰਹਿੰਦਿਆਂ ਹੋਇਆਂ ਆਪ ਨੂੰ ਇਕ ਰਾਤ ਦ੍ਰਿਸ਼ਟਾਨ ਹੋਇਆ ਕਿ "ਸਾਹਿਬ ਸਿੰਘਾ ਤੈਨੂੰ ਜਿਸ ਕੰਮ ਵਾਸਤੇ ਘਰੋਂ ਤੋਰਿਆ ਸੀ ਅਜੇ ਤੱਕ ਉਸ ਕੰਮ ਵੱਲ ਤੇਰਾ ਖਿਆਲ ਨਹੀਂ ਹੋਇਆ। ਇਸ ਵਾਸਤੇ ਤੂੰ ਹੁਣ ਛੇਤੀ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਭੈਣੀ ਸਾਹਿਬ ਪਹੁੰਚ। "ਇਸ ਦ੍ਰਿਸ਼ਟਾਂਤ ਤੋਂ ਬਾਅਦ ਮਨ ਵਿਚ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕਰਨ ਦੀ ਐਸੀ ਖਿੱਚ ਆਈ ਕਿ ਅਖਾੜੇ ਤੋਂ ਛੁੱਟੀ ਲੈ ਕੇ ਪੁੱਛਦੇ ਪੁਛਾਂਦੇ ਸ੍ਰੀ ਭੈਣੀ ਸਾਹਿਬ ਆਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬੜੀ ਪ੍ਰਸੰਨਤਾ ਨਾਲ ਖੁਸ਼ ਹੋ ਕੇ ਇਨਾਂ ਨੂੰ ਭਜਨ ਦੱਸ ਕੇ ਨਾਮਧਾਰੀ ਸਿੰਘ ਸਜਾਇਆ। ਅਤੇ ਇਨ੍ਹਾਂ ਦਾ ਨਾਮ ਸੁਤੇ ਪ੍ਰਕਾਸ਼ ਤੋਂ ਬਦਲ ਕੇ ਸਾਹਿਬ ਸਿੰਘ ਰੱਖ ਦਿੱਤਾ। ਸਤਿਗੁਰੂ ਜੀ ਤੋਂ ਨਾਮ ਪੁੱਛ ਕੇ ਦਰਸ਼ਨ ਕਰਕੇ ਇੰਨ੍ਹਾਂ ਬੇਨਤੀ ਕੀਤੀ ਗੁਰੂ ਜੀ ਹੁਣ ਮੇਰਾ ਸੰਕਲਪ ਤੁਹਾਡੇ ਚਰਨਾਂ ਵਿਚ ਹੀ ਰਹਿਣ ਦਾ ਹੈ। ਸਤਿਗੁਰੂ ਜੀ ਨੇ ਹੁਕਮ ਕੀਤਾ— ਸਾਹਿਬ ਸਿੰਘਾ ਮੈਂ ਤੈਨੂੰ ਸੱਦਿਆ ਹੀ ਇਸ ਵਾਸਤੇ ਹੈ। ਤੇਰੇ ਕੋਲੋਂ ਬੜੀ ਸੇਵਾ ਲੈਣੀ ਹੈ। "ਜਦੋਂ ਇਹਨਾਂ ਦੇ ਭਰਾਵਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਪਤਾ ਲੱਗਾ ਕਿ ਸਾਹਿਬ ਸਿੰਘ ਨਾਮਧਾਰੀ ਸਿੰਘ ਸੱਜ ਗਿਆ ਹੈ ਤਾਂ ਇੰਨ੍ਹਾਂ ਦੇ ਭਰਾਵਾਂ (ਰੂੜ ਸਿੰਘ ਤੇ ਹੀਰਾ ਸਿੰਘ) ਨੇ ਵੀ ਸ੍ਰੀ ਭੈਣੀ ਸਾਹਿਬ ਆ ਕੇ ਭਜਨ ਪੁੱਛ ਲਿਆ। ਇਹ ਪਰਿਵਾਰ ਉਸ ਵੇਲੇ ਤੋਂ ਹੀ ਨਾਮਧਾਰੀ ਚੌਲਿਆ ਆ ਰਿਹਾ ਹੈ। ਸੂਬਾ ਜੀ ਨੇ ਜੋ ਜੋ ਵੀ ਸੇਵਾਵਾਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਵਿਚ ਕੀਤੀਆਂ, ਉਹਨਾਂ ਦਾ ਵੇਰਵਾ ਨਾਮਧਾਰੀ ਇਤਿਹਾਸ ਸ੍ਰੀ ਸਤਿਗੁਰੂ ਬਿਲਾਸ ਸੰਤ ਸੰਤੋਖ ਸਿੰਘ ਬਾਹੋਵਾਲ, ਜੁਗ ਪਲਟਾਊ ਸਤਿਗੁਰੂ, ਆਲਿਮ ਜੀ ਨਾਮਧਾਰੀ ਇਤਿਹਾਸ ਕ੍ਰਿਤ ਸ. ਨਾਹਰ ਸਿੰਘ ਐਮ. ਏ ਇੰਨਾ ਪੁਸਤਕਾਂ ਵਿਚ ਅੰਕਿਤ ਹੈ ਜੋ ਕਿ ਇਸ ਪ੍ਰਕਾਰ ਹੈ—

(ਉਪਰੋਕਤ ਸਾਖੀ ਵੇਖੋ ਸੂਬਾ ਸਾਹਿਬ ਸਿੰਘ ਸ਼ਤਾਬਦੀ ਅੰਕ ੧੯੭੯ ਜੂਨ)

ਭਾਈ ਸੰਤੋਖ ਸਿੰਘ ਜੀ ਬਾਹੋਵਾਲ ਅਨੁਸਾਰ ਸੂਬਾ ਸਾਹਿਬ ਸਿੰਘ ਜਦੋਂ ਸਤਿਗੁਰੂ ਜੀ ਦੀ ਸ਼ਰਨ ਵਿਚ ਆਏ ਤਾਂ ਇੰਨਾਂ ਨੇ ਅਰਜ ਕੀਤੀ "ਹੁਕਮ ਹੋਵੇ ਤਾਂ ਮੈਂ ਮੱਝਾਂ ਚਾਰਿਆ ਕਰਾਂ।" ਸਤਿਗੁਰੂ ਜੀ ਨੇ ਇਸ ਦੀ ਸੇਵਾ ਭਾਵਨਾ ਨੂੰ ਵੇਖ ਕੇ ਹੁਕਮ ਕੀਤਾ— ਚੰਗਾ ਠੀਕ ਹੈ। ਸ੍ਰੀ ਭੈਣੀ ਸਾਹਿਬ ਰਹਿੰਦਿਆਂ ਸਤਿਗੁਰੂ ਜੀ ਨੇ ਮੱਝਾਂ ਦੀ ਸੇਵਾ ਕਰਦਿਆਂ ਅਤੇ ਇੰਨਾਂ ਦੀ ਯੋਗਤਾ ਨੂੰ ਵੇਖਦਿਆਂ ਹੁਕਮ ਕੀਤਾ— ਸਾਹਿਬ ਸਿੰਘ ਤੁਸੀਂ ਬੱਚਿਆਂ ਨੂੰ ਗੁਰਮੁੱਖੀ ਅੱਖਰ ਸਿਖਾਇਆ ਕਰੋ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਗੁਰਮੁਖੀ ਅੱਖਰ ਬੱਚਿਆਂ ਨੂੰ ਪੜਾਉਣ ਲੱਗੇ। (ਸ੍ਰੀ ਸਤਿਗੁਰੂ ਬਿਲਾਸ ਭਾਗ ਪਹਿਲਾ ਪੰਨਾ ੧੬੫)

ਇਕ ਵਾਰੀ ਕੁਰੂਕਛੇਤਰ ਨੂੰ ਜਾਂਦਿਆਂ ਰਸਤੇ ਵਿਚ ਮੀਂਹ ਹਨੇਰੀ ਗੜੇ ਪੈਣ ਲੱਗੇ, ਸਾਧ ਸੰਗਤ ਦਾ ਡੇਰਾ ਮੈਦਾਨ ਵਿਚ ਸੀ। ਸਿੱਖਾਂ ਅਰਜ ਕੀਤੀ ਦੀਨ ਦਇਆਲ ਜੀ ਇਸ ਤੂਫ਼ਾਨ ਤੋਂ ਰੱਖਿਆ ਕਰੋ। ਸਤਿਗੁਰੂ ਜੀ ਨੇ ਸਿੱਖਾਂ ਦੀ ਘਬਰਾਹਟ ਵੇਖ ਬਚਨ ਕੀਤਾ ਭਾਈ ਜਿਸ ਜਿਸ ਨੇ ਜਿੰਨਾਂ ਜਿੰਨਾਂ ਵੀ ਭਜਨ ਕੀਤਾ ਸੇਵਾ ਕੀਤੀ, ਉਸ ਦਾ ਫ਼ਲ ਦੇਵੋ। ਸਤਿਗੁਰੂ ਜੀ ਦਾ ਹੁਕਮ ਸੁਣ ਕਿਸੇ ਨੇ ਭਜਨ ਦੀਆਂ ਮਾਲਾ ਤੇ ਬਾਣੀ ਪੜੀ ਦਾ ਫ਼ਲ ਦਿੱਤਾ। ਸਾਹਿਬ ਸਿੰਘ ਨੇ ਅਰਜ ਕੀਤੀ— ਸੱਚੇ ਪਾਤਸ਼ਾਹ ਮੈਂ ਜਿੰਨਾ ਚਿਰ ਜਿਊਂਦਾ ਰਹਾਂ ਭਜਨ ਬਾਣੀ ਕਰਾਂ ਬਾਣੀ ਪੜ੍ਹਾਂ ਸੇਵਾ ਕਰਾਂ, ਸਭ ਦਾ ਫ਼ਲ ਮੈਂ ਤੁਹਾਨੂੰ ਦਿੱਤਾ। ਸੱਚੇ ਪਾਤਸ਼ਾਹ ਸਾਹਿਬ ਸਿੰਘ ਤੇ ਪ੍ਰਸੰਨ ਹੋਏ ਤੇ ਉਹ ਤੂਫ਼ਾਨ ਵੀ ਇਕ ਦਮ ਹਟ ਗਿਆ।

(ਵੇਖੋ ਸਤਿਗੁਰੂ ਬਿਲਾਸ ਭਾਗ ਪਹਿਲਾ ਪੰਨਾ ੧੭੨)

ਏਸੇ ਕੁਰੂਕਛੇਤਰ ਦੇ ਦੌਰ ਤੇ ਇਕ ਦਿਨ ਇਸ਼ਨਾਨ ਕਰਕੇ ਸਾਰੇ ਸਿੱਖ ਜਮਨਾ ਕਿਨਾਰੇ ਬੈਠੇ ਸਨ। ਤਾਂ ਸਤਿਗੁਰੂ ਜੀ ਨੇ ਪਹਿਲਾਂ ਆਪਣੇ ਸਰੀਰ ਤੇ ਬਿਭੂਤੀ ਮਲੀ ਫਿਰ ਆਸਣ ਵਿਛਾ ਕੇ ਇਕ ਪਾਸੇ ਹੋ ਕੇ ਬੈਠ ਗਏ ਤਾਂ ਬਾਬਾ ਜਵਾਹਰ ਸਿੰਘ, ਸਾਹਿਬ ਸਿੰਘ, ਸੁੱਧ ਸਿੰਘ, ਕਾਨ੍ਹ ਸਿੰਘ ਨੂੰ ਕੋਲ ਬੁਲਾ ਕੇ ਕਿਹਾ ਕਿ ਜਿਤਨੀ ਧਰਤੀ ਤੇ ਬੈਠੇ ਹਾਂ ਉਤਨੀ ਹੀ ਪਵਿੱਤਰ ਹੈ। ਬਾਕੀ ਧਰਤੀ ਤੇ ਪਾਪ ਛਾਏ ਹਨ।

(ਵੇਖੋ ਸਤਿਗੁਰੂ ਬਿਲਾਸ)

ਕੁਰੂਕਛੇਤਰ ਦੇ ਦੌਰੇ ਸਮੇਂ ਇਕ ਦਿਨ ਸਾਹਿਬ ਸਿੰਘ ਨੇ ਅਰਜ ਕੀਤੀ ਸਤਿਗੁਰੂ ਜੀ ਬਖਸ਼ ਲਿਉ ਜੀ। ਬਾਬਾ ਜੀ ਦੀ ਅਰਜ ਸੁਣ ਕੇ ਸਤਿਗੁਰੂ ਜੀ ਬਚਨ ਕੀਤਾ— ਤ੍ਰੇਤੇ ਯੁੱਗ ਵਿਚ ਮੈਂ ਤੇਰਾ ਪਿਉ ਬਾਲੀ ਮਾਰਿਆ ਸੀ। ਉਸ ਵਖਤ ਅੰਗਦ ਤੇਰਾ ਨਾਮ ਸੀ। ਜਦੋਂ ਤੁਸਾਂ ਵਰ ਮੰਗਿਆ ਸੀ। ਯੁੱਗੋ ਯੁੱਗ ਨਾਲ ਰੱਖੀ। ਸੋ ਤੁਸੀਂ ਹੁਣ ਵੀ ਮੇਰੇ ਨਾਲ ਹੋ।

(ਵੇਖੋ ਸਤਿਗੁਰੂ ਬਿਲਾਸ ਪੰਨਾ ੧੮੧)

ਸੂਬਾ ਸਾਹਿਬ ਸਿੰਘ ਜੀ ਨੂੰ ਜਿਹੜੀ ਖੁਸ਼ੀ ਸਤਿਗੁਰੂ ਰਾਮ ਸਿੰਘ ਜੀ ਦੀ ਹਾਸਲ ਹੋਈ ਸ਼ਾਇਦ ਹੀ ਹੋਰ ਕਿਸੇ ਸਿੱਖ ਨੂੰ ਹੋਈ ਹੋਵੇ। ਸਤਿਗੁਰੂ ਜੀ ਇੰਨ੍ਹਾਂ ਨਾਲ ਬਹੁਤ ਪ੍ਰੇਮ ਤੇ ਲਗਾਵ ਰੱਖਦੇ ਸਨ। ਅਤੇ ਇਹ ਸ੍ਰੀ ਸਤਿਗੁਰੂ ਜੀ ਦੇ ਵਿਸ਼ਵਾਸ ਪਾਤਰ ਸੇਵਕ ਸਨ। ਨਾਮਧਾਰੀ ਇਤਿਹਾਸ ਕ੍ਰਿਤ ਸ. ਨਾਹਰ ਸਿੰਘ ਐਮ. ਏ. ਅਨੁਸਾਰ ਸੰਮਤ ੧੯੧੮ ਨੂੰ ਜਦ ਸਤਿਗੁਰੂ ਰਾਮ ਸਿੰਘ ਜੀ ਅਰਧਕੁੰਭੀ ਦੇ ਪੁਰਬ ਸਮੇਂ ਹਰਿਦੁਆਰ ਗੰਗਾ ਗਏ ਤਾਂ ਉਸ ਵਕਤ ਬਾਬਾ ਸਾਹਿਬ ਸਿੰਘ ਜੀ ਮੁੱਖੀ ਸੇਵਕਾਂ ਵਿਚੋਂ ਇਕ ਸਨ।

ਸੰਮਤ ੧੯੨੦ ਅਨੁਸਾਰ ਸੰਨ ੧੮੬੩ ਵਿਚ ਸ੍ਰੀ ਸਤਿਗੁਰੂ ਜੀ ਦੇ ਇਨਕਲਾਬੀ ਪ੍ਰਚਾਰ ਤੇ ਸ਼ਾਹੀ ਦੌਰਿਆਂ ਤੋਂ ਸਰਕਾਰ ਅੰਗਰੇਜ਼ੀ ਨੂੰ ਭੈ ਹੋਇਆ। ਅੰਗਰੇਜ਼ ਸਰਕਾਰ ਦੇ ਰੌਂਗਟੇ ਖੜੇ ਹੋ ਗਏ, ਤਾਂ ਵੱਖ ਵੱਖ ਜ਼ਿਲ੍ਹਿਆਂ 'ਚੋਂ ਮਿਲੀਆਂ ਰਿਪੋਰਟਾਂ ਦੇ ਆਧਾਰ ਤੇ ਬ੍ਰਿਟਿਸ਼ ਹਕੂਮਤ ਨੇ ਇਸ ਇਨਕਲਾਬ ਨੂੰ ਰੋਕਣ ਲਈ ਸਤਿਗੁਰੂ ਜੀ ਦੇ ਦੌਰਿਆਂ ਤੇ ਪਾਬੰਧੀਆਂ ਲਾ ਦਿੱਤੀਆਂ ਇੰਨ੍ਹਾਂ ਪਾਬੰਦੀਆਂ ਦਾ ਮੁਕਾਬਲਾ ਕਰਨ ਲਈ ਸਤਿਗੁਰੂ ਜੀ ਨੇ ਪਹਿਲਾਂ ਜਿਹੜੇ ਪੰਜ ਸੂਬੇ ਸਥਾਪਤ ਕੀਤੇ। ਉਨ੍ਹਾਂ ਵਿਚ ਸੂਬਾ ਸਾਹਿਬ ਸਿੰਘ ਜੀ ਵੀ ਇਕ ਸੂਬੇ ਨੀਯਤ ਕੀਤੇ ਸਨ। ਸੰਤ ਨਿਧਾਨ ਸਿੰਘ ਜੀ ਆਲਮ ਦੀ ਪੁਸਤਕ ਜੁਗ ਪਲਟਾਊ ਸਤਿਗੁਰੂ ਵਿਚ ਇੰਨ੍ਹਾਂ ਪੰਜ ਸੂਬਿਆਂ ਦੇ ਨਾਮ ਇਸ ਪ੍ਰਕਾਰ ਹਨ।

੧. ਸੂਬਾ ਜਵਾਹਰ ਸਿੰਘ ਪਿੰਡ ਸੋਹਲ (ਅੰਮ੍ਰਿਤਸਰ)
੨. ਬਾਬਾ ਕਾਹਨ ਸਿੰਘ ਨਿਹੰਗ (ਰਿ. ਮਲੇਰਕੋਟਲਾ) ਚੱਕ ਕਲਾਂ



Sri Satguru Jagjit Singh Ji eLibrary NamdhariElibrary@gmail.com

੩.   ਬਾਬਾ ਸੁੱਧ ਸਿੰਘ ਪਿੰਡ ਮਥੌਰ (ਜ਼ਿਲ੍ਹਾ ਅੰਬਾਲਾ)
੪.   ਬਾਬਾ ਸਾਹਿਬ ਸਿੰਘ (ਪਿੰਡ ਬੰਗਾਲੀਪੁਰ) ਅੰਮ੍ਰਿਤਸਰ (ਤਰਨ ਤਾਰਨ)
੫.   ਬਾਬਾ ਲੱਖਾ ਸਿੰਘ ਪਿੰਡ ਮਲੌਂਦ (ਜ਼ਿਲ੍ਹਾ ਲੁਧਿਆਣਾ)

(ਵੇਖੋ ਜੁਗ ਪਲਟਾਊ ਸਤਿਗੁਰੂ ਪੰਨਾ ੭੯)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣਾ ਡਾਕ ਪ੍ਰਬੰਧ ਚਲਾਇਆ, ਇਸ ਡਾਕ ਪ੍ਰਬੰਧ ਦੇ ਸੂਬਾ ਸਾਹਿਬ ਸਿੰਘ ਜੀ ਇੰਚਾਰਜ ਸਨ। ਕਿਉਂਕਿ ਇਹ ਨਾਂਗੇ ਸਾਧੂਆਂ ਅਤੇ ਉਦਾਸੀ ਸਾਧੂਆਂ ਨਾਲ ਰਹਿਣ ਕਰਕੇ ਬਹੁਤ ਤਜਰਬੇਕਾਰ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਿਹੜਾ ਡਾਕ ਪ੍ਰਬੰਧ ਚਲਾਇਆ ਸੀ। ਇਸਦਾ ਨਾਮ ਸਰਕਾਰੀ ਕਾਗਜ਼ਾਂ ਵਿਚ "ਕੂਕਾ ਪੋਸਟਿਲ ਸਰਵਿਸ" ਸੀ। ਸਰਕਾਰੀ ਰੀਕਾਰਡ ਵਿਚ ਦਰਜ ਹੈ। ਇਕ ਕੂਕਾ ਜੋ ਡਾਕ ਲੈ ਕੇ ਦੂਜੇ ਪਿੰਡ ਪੁੱਜਦਾ ਹੈ। ਤਾਂ ਉਹ ਜੋ ਕੰਮ ਕਰਦਾ ਹੋਵੇ ਵਿਚ ਛੱਡ ਦਿੰਦਾ ਹੈ। ਜੇ ਰੋਟੀ ਅੱਧੀ ਖਾਂਦੀ ਹੈ ਤਾਂ ਅੱਧੀ ਰਹਿੰਦੀ ਹੈ ਤਾਂ ਉਹ ਦੂਜੀ ਗਰਾਹੀ ਮੂੰਹ ਵਿਚ ਨਹੀਂ ਪਾਉਂਦਾ ਅਰ ਦੂਜੇ ਪੜਾਵ ਤੇ ਪੁੱਜ ਕੇ ਚਿੱਠੀ ਦੂਜੇ ਕੂਕੇ ਦੇ ਹਵਾਲੇ ਕਰ ਦਿੰਦਾ ਹੈ। ਖਾਸ ਡਾਕ ਜਬਾਨੀ ਹੁੰਦੀ ਹੈ। ਜੋ ਲਿਖੀ ਨਹੀਂ ਜਾਂਦੀ। ਮੇਜਰ ਪ੍ਰਕਿਨਜ਼ ਦੇ ਕਹਿਣ ਅਨੁਸਾਰ ਉਹ ਡਾਕ ਵਾਲਾ ਸਿੱਖ ਜਰਨੈਲੀ ਸੜਕ ਛੱਡ ਕੇ ਵਲ ਪਾਉਂ ਲਾਂਭਿਓ ਹੀ ਜਾਂਦਾ ਹੈ।

ਵੇਖੋ ਯੁੱਗ ਪਲਟਾਊ ਸਤਿਗੁਰੂ ਪੰਨਾ (੮੨-੮੩)

ਇਸ ਤਰ੍ਹਾਂ ਸੂਬਾ ਸਾਹਿਬ ਸਿੰਘ ਜੀ ਨੇ ਆਪਣੀ ਯੋਗਤਾ ਅਨੁਸਾਰ ਇਹ ਪ੍ਰਾਈਵੇਟ ਕੂਕਾ ਡਾਕ ਪ੍ਰਬੰਧ ਆਪਣੀ ਸਿਆਣੀ ਸੂਝਬੂਝ ਨਾਲ ਕੀਤਾ।

ਇਕ ਵਾਰੀ ਸੂਬਾ ਸਾਹਿਬ ਸਿੰਘ ਅਰਜ ਕੀਤੀ ਸੱਚੇ ਪਾਤਸ਼ਾਹ ਜੇਕਰ ਤੁਹਾਡਾ ਕੋਈ ਸਿੱਖ ਹੋਵੇ ਅਤੇ ਕਿਸੇ ਕਾਰਨ ਬੇਮੁੱਖ ਹੋ ਕੇ ਆਖੇ ਕਿ ਸਿੱਖੀ ਤੋਂ ਖਾਰਜ ਹੋਇਆ ਬੇਦਾਵਾ ਲਿਖ ਦੇਵੇ। ਉਸ ਵਾਸਤੇ ਕੀ ਹੁਕਮ ਹੈ ?

ਗੁਰੂ ਜੀ ਕਿਹਾ ਸੂਬਾ ਜੀ ਉਹ ਆਦਮੀ ਸੱਤ ਜਨਮ ਕਾ ਆਗੇ ਸਿੱਖ ਨਹੀ ਹੂਆ ਅਤੇ ਚੌਦਾ ਜਨਮ ਅੱਗੇ ਕੋ ਸਿੰਘ ਨਹੀ ਹੁੰਦਾ। ਇਸ ਤਰਾਂ ੨੧ ਜਨਮ ਕੀ ਟੇਢੀ ਜੂਨ ਉਸਕੇ ਵਾਸਤੇ ਹੈ। ਬਾਬਾ ਸਾਹਿਬ ਸਿੰਘ ਜੀ ਫਿਰ ਪ੍ਰਸ਼ਨ ਕੀਤਾ ਗੁਰੂ ਜੀ ਜੋ ਤੁਹਾਡੀ ਰੀਤੀ ਮਰਿਯਾਦਾ ਮੈਂ ਪੂਰਾ ਹੋਵੇ ਅਤੇ ਪੰਜੇ ਐਬ ਵੀ ਕਰਦਾ ਹੋਵੇ ਉਸ ਕੋ ਕੀ ਚਾਹੀਏ ? ਸਤਿਗੁਰੂ ਜੀ ਬਚਨ ਕੀਤਾ। ਇਹ ਜੋ ਚਾਰ ਅੱਖਰਾ ਭਜਨ ਹੈ ਜਿਸਨੇ ਜਪਿਆ ਉਸਦੀ ਚੌਰਾਸੀ ਤਾਂ ਕੱਟੀ ਗਈ। ਕੰਜਰੀ ਤੇ ਮਾਸ ਸ਼ਰਾਬ ਵਾਲੇ ਐਬ ਕਰਨ ਦੇ ਬਾਵਜੂਦ ਵੀ ਉਸਨੂੰ ਸਦਾ



ਸੂਬਾ ਸਾਹਿਬ ਸਿੰਘ

ਮਨੁੱਖ ਜੂਨ ਹੀ ਮਿਲੇਗੀ ਇਕ ਜਨਮ ਖੋਟੇ ਕਰਮ ਕਰੂ ਤਾਂ ਦੂਜੇ ਜਨਮ ਸੁਧਰ ਜਾਵੇਗਾ। ਵੇਖੋ (ਸਤਿਗੁਰੂ ਬਿਲਾਸ)

ਸ੍ਰੀ ਭੈਣੀ ਸਾਹਿਬ ਰਹਿੰਦਿਆਂ ਇਕ ਦਿਨ ਇਕਾਂਤ ਵਿਚ ਗੁਰੂ ਜੀ ਭਜਨ ਕਰ ਰਹੇ ਸਨ, ਸੂਬਾ ਸਾਹਿਬ ਸਿੰਘ ਜੀ ਲੱਸੀ ਛਕਾਉਣ ਵਾਸਤੇ ਲੈ ਗਏ। ਗੁਰੂ ਜੀ ਬਚਨ ਕੀਤਾ ਤੈਨੂੰ ਰੰਗ ਵਿਖਾਈਏ। ਅਰਜ ਕੀਤੀ ਆਪ ਕੀ ਰਜ਼ਾ ਹੈ। ਏਨੀ ਕਹਿਣ ਨਾਲ ਗੁਰੂ ਜੀ ਕੇ ਚਰਨ ਧਰਤੀ ਨਾਲ ਅਤੇ ਸੀਸ ਅਕਾਸ਼ ਵਿਚ ਨਜ਼ਰੀ ਆਇਆ। ਬਾਬਾ ਸਾਹਿਬ ਸਿੰਘ ਜੀ ਨੂੰ ਆਪਣਾ ਵਿਰਾਟ ਸਰੂਪ ਵਿਖਾਲ ਕੇ ਨਿਹਾਲ ਕੀਤਾ। ਮੁੜ ਪਹਿਲੇ ਰੂਪ ਵਿਚ ਹੋ ਕੇ ਕਿਹਾ ਸਾਹਿਬ ਸਿੰਘ ਜੇ ਕੋਈ ਇਸ ਰੂਪ ਵਿਚ ਦਰਸ਼ਨ ਕਰੇਗਾ ਤਿਸਕੋ ਸਾਰੀ ਉਮਰ ਦਾ ਭਜਨ ਕਾ ਫਲ ਪ੍ਰਾਪਤ ਹੋਵੇਗਾ।

(ਵੇਖੋ ਸਤਿਗੁਰੂ ਬਿਲਾਸ) ਭਾ.੧

ਇਕ ਵਾਰੀ ਕਿਸੇ ਕਾਰਨ ਸੂਬਾ ਸਾਹਿਬ ਸਿੰਘ ਜੀ ਨੇ ਇਕ ਮਸਤਾਨੇ ਨੂੰ ਕੋਟੜੇ ਨਾਲ ਮਾਰਿਆ। ਸਤਿਗੁਰੂ ਜੀ ਆਪਣੇ ਤਨ ਉਤੋਂ ਬਸਤਰ ਉਠਾ ਕੇ ਬਚਨ ਕੀਤਾ, ਸੂਬਾ ਜੀ ਵੇਖੋ ਮੇਰਾ ਪਿੰਡਾਂ। ਤੁਸੀਂ ਮਸਤਾਨੇ ਨੂੰ ਨਹੀਂ ਮੈਨੂੰ ਮਾਰਿਆ ਹੈ। ਮਸਤਾਨੇ ਮੇਰਾ ਰੂਪ ਹਨ ਜੋ ਇਨ੍ਹਾਂ ਨੂੰ ਮਾਰਦਾ ਹੈ ਉਹ ਮੈਨੂੰ ਮਾਰਦਾ ਹੈ। ਸੂਬਾ ਜੀ ਨੇ ਬਖਸ਼ਸ਼ ਮੰਗੀ।



Sri Satguru Jagjit Singh Ji eLibrary NamdhariElibrary@gmail.com

(ਵੇਖੋ ਸਤਿਗੁਰੂ ਬਿਲਾਸ ਭਾਗ ੧ ਪੰਨਾ ੩੬੨)

ਸੂਬਾ ਸਾਹਿਬ ਸਿੰਘ ਜੀ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਬੜੀ ਭਾਰੀ ਬਖਸ਼ਸ਼ ਸੀ। ਕਵੀ ਪ੍ਰੀਤਮ ਸਿੰਘ ਮਲਿਆ ਵਾਲੀ ਲਿਖਦੇ ਹਨ :

"ਬਾਬਾ ਸਾਹਿਬ ਸਿੰਘ ਤੇਰੀ ਤਸਵੀਰ ਤੱਕ ਕੇ,
ਉਪਮਾ ਕਰਨ ਖਾਤਰ ਜਿਹਬਾ ਖੁੱਲ ਜਾਂਦੀ।
ਤੇਰੇ ਜੀਵਨ ਦੇ ਪੜ੍ਹ ਕੇ ਕਾਰਨਾਮੇ,
ਕਈ ਸਿਆਣਿਆ ਦੀ ਹੈਰਤ ਭੁੱਲ ਜਾਂਦੀ।
"ਸਦਾਚਾਰ, ਤਿਆਗ, ਉਪਕਾਰ ਦੀਆਂ,
ਗੁਰਾਂ ਤਕ ਕੇ ਖੂਬੀਆਂ ਸਾਰੀਆਂ ਨੂੰ"
ਸੂਬਾ ਸਾਹਿਬ ਸਿੰਘ ਨੂੰ ਸੂਬਾ ਥਾਪ ਦਿੱਤਾ,
ਨਿਬਾਹਿਆ ਜਿਸ ਸੋਹਣਾ ਜ਼ਿੰਮੇਵਾਰੀਆਂ ਨੂੰ।

ਸੂਬਾ ਸਾਹਿਬ ਸਿੰਘ ਜੀ ਨੇ ਬਹੁਤ ਹੀ ਈਮਾਨਦਾਰੀ ਅਤੇ ਦਲੇਰੀ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅੱਗੇ ਉਨ੍ਹਾਂ ਨੇ ਸੀਸ ਝੁਕਾਇਆ ਅਤੇ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਉਨ੍ਹਾਂ ਦੀਆਂ ਬਖਸ਼ਸ਼ਾਂ ਦੇ ਪਾਤਰ ਬਣੇ ਅਤੇ ਗੁਰੂ ਜੀ ਦੀਆਂ ਪੂਰਨ ਖੁਸ਼ੀਆਂ ਪ੍ਰਾਪਤ ਕੀਤੀਆਂ।

ਸ੍ਰੀ ਸਤਿਗੁਰੂ ਜੀ ਨੇ ਦੂਜੇ ਮੁਲਕਾਂ ਨਾਲ ਜੋ ਮੇਲ ਜੋਲ ਸਥਾਪਤ ਕੀਤਾ ਉਨ੍ਹਾਂ ਉੱਤੇ ਰੌਸ਼ਨੀ ਪਾਉਣੀ ਵੀ ਅਤਿ ਜ਼ਰੂਰੀ ਹੈ। ਪਿੰਡ ਫਤੇਵਾਲ ਜ਼ਿਲ੍ਹਾ ਅੰਮ੍ਰਿਤਸਰ ਦੇ ਕ੍ਰਿਸ਼ਨ ਸਿੰਘ ਨਾਮੀ ਸਿੱਖ ਕਿਸੇ ਤਰ੍ਹਾਂ ਵਿਹਾਰ ਦੇ ਸਿਲਸਿਲੇ ਵਿਚ ਨਿਪਾਲ ਪਹੁੰਚ ਗਏ। ਓਥੇ ਮਹਾਰਾਜਾ ਜੰਗ ਬਹਾਦਰ ਦੇ ਦਰਬਾਰ ਵਿਚ ਰਹੇ। ਇਸਨੇ ਨਾਮਧਾਰੀ ਪੰਥ ਦੀ ਰਹਿਤ ਬਹਿਤ ਮਰਿਯਾਦਾ ਬਾਰੇ ਆਪਣੀ ਗੱਲ ਆਪਣੇ ਸਾਥੀਆਂ ਨਾਲ ਕਰਨੀ ਸ਼ੁਰੂ ਕੀਤੀ। ਕਿਸ਼ਨ ਸਿੰਘ ਦੀਆਂ ਗੱਲਾਂ ਬਾਤਾਂ ਰਹਿਣੀ ਬਹਿਣੀ ਦਾ ਪਤਾ ਮਹਾਰਾਜ ਜੰਗ ਬਹਾਦਰ ਨੂੰ ਲੱਗਾ। ਉਹ ਬਹੁਤ ਪ੍ਰਭਾਵਿਤ ਹੋਇਆ। ਇਕ ਦਿਨ ਮਹਾਰਾਜ ਨੇ ਆਪਣੇ ਪਾਸ ਕ੍ਰਿਸ਼ਨ ਸਿੰਘ ਨੂੰ ਬੁਲਾ ਕੇ ਗੁਰਾਂ ਬਾਰੇ ਜਾਣਕਾਰੀ ਹਾਸਲ ਕੀਤੀ। ਕਿਸ਼ਨ ਸਿੰਘ ਕਿਹਾ ਉਨ੍ਹਾਂ ਦਾ ਨਿਸ਼ਾਨਾ ਗਊ ਗਰੀਬ ਦੀ ਰੱਖਿਆ ਕਰਨੀ ਤੇ ਦੇਸ਼ ਨੂੰ ਆਜ਼ਾਦ ਕਰਵਾਉਣਾ ਹੈ। ਰਾਣਾ ਜੰਗ ਬਹਾਦਰ ਬਹੁਤ ਪ੍ਰਸੰਨ ਹੋਇਆ। ਉਸਨੇ ਗੁਰੂ ਜੀ ਨਾਲ ਤਾਲਮੇਲ ਕਰਨ ਲਈ ਪੁੱਛਿਆ। ਅਤੇ ਕਿਹਾ ਪੰਜਾਬ ਵਿਚ ਕਿਹੜੇ ਪਸ਼ੂ ਮਿਲ ਜਾਂਦੇ ਹਨ? ਕਿਸ਼ਨ ਸਿੰਘ ਨੇ ਕਿਹਾ ਸਾਡੇ ਦੇਸ਼ ਵਿਚ ਖੱਚਰਾਂ ਤੇ ਮੱਝਾਂ ਵਧੀਆ ਨਸਲ ਦੀਆਂ ਮਿਲ ਜਾਂਦੀਆਂ ਹਨ। ਰਾਣਾ ਜੰਗ ਬਹਾਦਰ ਨੇ ਖਾਹਿਸ਼ ਜ਼ਾਹਿਰ ਕੀਤੀ ਕਿ ਗੁਰੂ ਜੀ ਦੁਆਰਾ ਮੈਨੂੰ ਦੋ ਖੱਚਰਾਂ ਅਤੇ ਦੋ ਮੱਝਾਂ ਮਿਲ ਜਾਣ ਤਾਂ ਮੈਂ ਆਪਣੇ ਧੰਨ ਭਾਗ ਸਮਝਾਂਗਾ। ਕਿਸ਼ਨ ਸਿੰਘ ਨੇ ਸ੍ਰੀ ਭੈਣੀ ਸਾਹਿਬ ਚਿੱਠੀ ਭੇਜੀ। ਕਿ ਗੁਰੂ ਜੀ, ਰਾਣਾ ਜੰਗ ਬਹਾਦਰ ਨੇ ਖੱਚਰਾਂ ਤੇ ਮੱਝਾਂ ਮੰਗਵਾਈਆਂ ਹਨ। ਚਿੱਠੀ ਮਿਲਣ ਤੇ ਗੁਰੂ ਜੀ ਨੇ ੨ ਮੱਝਾਂ ਅਤੇ ਦੋ ਖੱਚਰਾਂ ਚੰਗੀ ਨਸਲ ਦੀਆਂ ਦੇ ਕੇ ਸੂਬਾ ਸਾਹਿਬ ਸਿੰਘ, ਅਤੇ ਸੂਬਾ ਕਾਹਨ ਸਿੰਘ ਜੀ ਨੂੰ ਨਿਪਾਲ ਭੇਜਿਆ। ਜਦ ਮਹਾਰਾਣੇ ਨੇ ਸੂਬਾ ਸਾਹਿਬ ਿੰਘ ਸੂਬਾ ਕਾਹਨ ਸਿੰਘ ਜੀ ਦੇ ਦੁੱਧ ਚਿੱਟੇ ਬਸਤਰਾਂ ਵਿਚ ਦਰਸ਼ਨ ਕੀਤੇ ਮਿੱਠੇ ਮਿੱਠੇ ਬਚਨ ਸੁਣੇ ਅਥਵਾ ਮੱਝਾਂ ਤੇ ਖੱਚਰਾਂ ਤੱਕੀਆਂ, ਰਾਣਾ ਬਹੁਤ ਪ੍ਰਸੰਨ ਹੋਇਆ। ਕੁਝ ਦਿਨ ਨਿਪਾਲ ਵਿਚ ਰਾਜਸੀ ਸੂਝ ਬੂਝ ਦੇ ਬਚਨ ਸੂਬਾ ਸਾਹਿਬ ਸਿੰਘ ਰਾਣੇ ਜੰਗ ਬਹਾਦਰ ਨਾਲ ਕਰਦੇ ਰਹੇ। ਨਿਪਾਲ ਤੋਂ ਭੈਣੀ ਸਾਹਿਬ ਆਉਣ ਲੱਗਿਆਂ। ਮਹਾਰਾਣੇ ਨੇ ਸੱਚੇ ਪਾਤਸ਼ਾਹ ਵਾਸਤੇ ਬਹੁਤ ਵਧੀਆ ਇਕ ਗੁਟ ਘੋੜਾ, ੧੦੮ ਕਸਤੂਰੀ ਦੇ ਨਾਫਿਆਂ ਦੀ ਮਾਲਾ, ਦੋ ਨਿਪਾਲੀ ਖੋਖਰੀਆਂ, ਇਕ ਕੀਮਤੀ ਦੁਸ਼ਾਲਾ, ੪੦ ਗਜ਼ ਬਨਾਤ ਦਾ ਥਾਨ ਤੇ ਕੁਝ ਨਗਦ ਭੇਟਾ ਦੇ ਕੇ ਅੱਗੇ ਵਾਸਤੇ ਦਰਸ਼ਨ ਮੇਲਾ ਦਿੰਦੇ ਰਹਿਣ ਵਾਸਤੇ ਅਰਜ ਬੇਨਤੀ ਗੁਰੂ ਜੀ ਵੱਲ ਭੇਜੀ।

ਆਮ ਸੰਗਤ ਵਿਚ ਸੂਬਾ ਸਾਹਿਬ ਸਿੰਘ ਜੀ ਨਿਕਟਵਰਤੀ ਤੋਂ ਨਿੱਜੀ ਵਿਚੋਲੇ ਦੇ ਰੂਪ ਵਿਚ ਹੀ ਸਮਝੇ ਜਾਂਦੇ ਸਨ। ਇਕ ਦਿਨ ਬਾਬੇ ਜੱਸਾ ਸਿੰਘ ਨੇ ਬਚਨ ਕੀਤਾ ਤੁਸੀਂ ਗੁਰੂ ਜੀ ਦੇ ਦੇਹ ਪ੍ਰਾਨ ਹੋ ਮੈਨੂੰ ਪੋਤਰਿਆਂ ਦਾ ਵਰ ਲੈ ਦੇਵੋ। ਕੋਲੋ ਕਾਹਨ ਸਿੰਘ ਨਿਹੰਗ ਨੇ ਕਿਹਾ ਮੈਨੂੰ ਵੀ ਵਰ ਲੈ ਦਿਓ। ਫਿਰ ਬ੍ਰਹਮਾ ਸਿੰਘ ਕਿਹਾ ਮੈਨੂੰ ਵੀ ਵਰ ਲੈ ਦਿਉ। ਸੂਬਾ ਸਾਹਿਬ ਸਿੰਘ ਕਿਹਾ ਕਿ ਜਦ ਗੁਰੂ ਜੀ ਖੁਸ਼ ਹੋਣਗੇ ਉਦੋਂ ਅਰਜ਼ ਕਰਾਂਗਾ। ਕਈ ਦਿਨ ਪਾ ਕੇ ਅੰਤਰਜਾਮੀ ਗੁਰੂ ਜੀ ਕਿਹਾ ਸਾਹਿਬ ਸਿੰਘਾ ਲਿਆ ਜਿਹੜੇ ਵਰ ਮੰਗਦੇ ਹਨ। ਪਹਿਲਾਂ ਕਾਨ੍ਹ ਸਿੰਘ ਨੂੰ ਸੱਦਿਆ। ਗੁਰੂ ਜੀ ਕਿਹਾ ਮੰਗ ਕੀ ਮੰਗਦਾ ਹੈਂ। ਕਾਨ੍ਹ ਸਿੰਘ ਨੇ ਅਰਜ ਕੀਤੀ। ਸਾਰੀ ਪ੍ਰਿਥਵੀ ਉਪਰ ਖਾਲਸਾ ਹੀ ਦਿਸੇ ਬਚਨ ਹੋਇਆ ਦਸਮ ਪਾਤਸ਼ਾਹ ਜੀ ਲਿਖਿਆ ਹੈ :

"ਨਾ ਛਾਡਓ ਕਹੂੰ ਦੁਸ਼ਟ ਅਸੁਰਨ ਨਿਸ਼ਾਨੀ"
"ਚਲੇ ਸਭ ਜਗਤ ਮੈਂ ਧਰਮ ਕੀ ਕਹਾਨੀ"

ਬ੍ਰਹਮਾ ਸਿੰਘ ਨੂੰ ਪੁੱਛਿਆ। ਉਸਨੇ ਅਰਜ ਕੀਤੀ— ਰੂਸ ਵਾਲੇ ਦਿਸ ਪੈਣ ਭਾਵੇਂ ਆਪ ਉਜੜ ਹੀ ਜਾਣ। ਯਾਦ ਰਹੇ ਜਦ ਰੂਸ ਪੰਜਾਬ ਆਵੇਗਾ ਤੇ ਬਾਰਾਂ ਕੋਹਾਂ ਤੇ ਦੀਵਾ ਬਲੇਗਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਵੀ ਦਰਜ ਹੈ। ਉਸ ਤੋਂ ਬਾਅਦ ਖਾਲਸਾ ਰਾਜ ਸਥਾਪਿਤ ਹੋਵੇਗਾ। ਇਸ



Sri Satguru Jagjit Singh Ji eLibrary NamdhariElibrary@gmail.com

ਕਰਕੇ ਕਾਹਨ ਸਿੰਘ ਨੇ ਰੂਸ ਪੰਜਾਬ ਆਉਣ ਦਾ ਵਰ ਮੰਗਿਆ ਸੀ। ਸਤਿਗੁਰੂ ਜੀ ਬਚਨ ਕੀਤਾ ਕਿ ਈਸ਼ਵਰੋ ਕੇ ਬਚਨ ਕਦੇ ਅਨੱਥਾ ਨਹੀਂ ਜਾਂਦੇ। ਬਾਬਾ ਜੱਸਾ ਸਿੰਘ ਕੋ ਸੱਦ ਕੇ ਬਚਨ ਕੀਤਾ ਮੰਗੋ ਕੀ ਮੰਗਣਾ ਹੈ। ਬਾਬਾ ਜੀ ਕਹਾ ਤੇਰੇ ਏਕ ਲੜਕਾ ਹੋ ਜਾਵੇ। ਜਾਂ ਬੁੱਧ ਸਿੰਘ ਦੇ ਹੋ ਜਾਵੇ। ਸਤਿਗੁਰੂ ਜੀ ਬਚਨ ਕੀਤਾ ਮੇਰਾ ਤਾਂ ਨਹੀਂ, ਸਮਾਂ ਪਾ ਕੇ ਬੁੱਧ ਸਿੰਘ ਦੇ ਹੋਇਗਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ। ਤੂੰ ਕਹਿਨਾ ਹੋਇੰਗਾ ਕਿ ਮੈਂ ਤੇਰਾ ਪੁੱਤਰ ਹਾਂ। ਅਸੀਂ ਆਦਿ ਅੰਤ ਕਿਸੇ ਦੇ ਨਹੀਂ ਹੋਏ।



ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਦਾ ਦ੍ਰਿਸ਼। ਸੂਬਾ ਸਾਹਿਬ ਸਿੰਘ ਜੀ ਵੀ ਨਾਲ ਹਨ।

(ਵੇਖੋ ਸਤਿਗੁਰੂ ਬਿਲਾਸ ਭਾਗ ਪਹਿਲਾ ਪੰਨਾ ੪੦੮)

ਇਕ ਵਾਰੀ ਸਤਿਗੁਰੂ ਰਾਮ ਸਿੰਘ ਜੀ ਰਾਏਪੁਰ ਦੌਰੇ ਤੇ ਆਏ। ਲੰਗਰ ਵਰਤਨ ਲੱਗਾ ਰੌਲਾ ਪੈ ਗਿਆ ਕਿ ਲੰਗਰ ਮੁੱਕਾ ਲੰਗਰ ਮੁੱਕਾ। ਸਤਿਗੁਰੂ ਜੀ ਨੇ ਸੂਬਾ ਸਾਹਿਬ ਸਿੰਘ ਜੀ ਨੂੰ ਸੱਦ ਕੇ ਬਚਨ ਕੀਤਾ— ਤੂੰ ਜਾ ਕੇ ਪ੍ਰਸ਼ਾਦ ਵਰਤਾ ਜੋ ਵਰਤਾਵੇ ਲੱਗੇ ਹੈਨ ਉਹਨਾਂ ਨੂੰ ਹਟਾ ਦੇਵੋ। ਜਦੋਂ ਬਾਬਾ ਸਾਹਿਬ ਸਿੰਘ ਲੰਗਰ ਵਰਤਾਉਣ ਲੱਗੇ ਤਾਂ ਚੁੱਪ ਚਾਪ ਹੋ ਗਈ। ਲੰਗਰ ਨਾ ਮੁੱਕਾ। ਸਵੇਰੇ ਵੀ ਸੰਗਤਾਂ ਨੇ ਛਕਿਆ। ਜੈ ਜੈ ਕਾਰ ਹੋਈ। ਬਾਬਾ ਦਰਬਾਰਾ ਸਿੰਘ ਜੀ ਨੇ ਗੁਰੂ ਜੀ ਨੂੰ ਅਰਜ ਕੀਤੀ, ਇਹ ਕੀ ਸਾਂਗ ਸੀ ? ਬਚਨ ਹੋਇਆ, ਇਸ ਨਗਰ ਵਿਚ ਕੁੜੀਆਂ ਬਹੁਤ ਮਰੀਆਂ ਹਨ, ਉਹ ਸਾਰਾ ਪਦਾਰਥ ਪਾਪ ਲਈ ਜਾਂਦਾ ਸੀ। ਉਹ ਕੁੜੀਆਂ ਭੂਤਨੀਆਂ ਬਣ ਕੇ ਲਈ ਜਾਂਦੀਆਂ ਸਨ। ਭਜਨ ਦੇ ਪ੍ਰਤਾਪ ਨਾਲ ਉਹਨਾਂ ਨੂੰ ਹਟਾਇਆ ਹੈ, ਤਾਂ ਬਰਕਤ ਪਈ ਹੈ। ਨਾ ਹਟਾਉਂਦੇ ਤਾਂ ਕਦੇ ਵੀ ਪੂਰਾ ਨਹੀਂ ਸੀ ਆਉਣਾ।

ਜਦੋਂ ਮਲੌਦ ਪਿੰਡ ਲੜਾਈ ਹੋਈ ਤਾਂ ਪੜਤਾਲ ਵਾਸਤੇ ਲੁਧਿਆਣੇ ਦੇ ਡੀ. ਸੀ. ਨੇ ਇਕ ਥਾਣੇਦਾਰ ਨੂੰ ਸ੍ਰੀ ਭੈਣੀ ਸਾਹਿਬ ਭੇਜ ਕੇ ਸਤਿਗੁਰੂ ਜੀ ਨੂੰ ਮਲੌਦ ਸੱਦਿਆ। ਗੁਰੂ ਜੀ ਜਿਨ੍ਹਾਂ ਪੰਜਾਂ ਸਿੰਘਾਂ ਸਮੇਤ ਮਲੌਦ ਗਏ। ਉਨ੍ਹਾਂ ਵਿਚ ਸੂਬਾ ਸਾਹਿਬ ਸਿੰਘ ਜੀ ਵੀ ਨਾਲ ਸਨ। ਬਾਬਾ ਜਵਾਹਰ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਸਾਹਿਬ ਸਿੰਘ, ਖਜਾਨ ਸਿੰਘ, ਜੋਗਾ ਸਿੰਘ। ਗੁਰੂ ਜੀ ਸੁਰਖੀ ਘੋੜੀ ਤੇ ਸਵਾਰ ਸਨ। ਸਿੰਘ ਹੋਰ ਘੋੜੀਆਂ ਤੇ ਸਵਾਰ ਹੋ ਕੇ ਮਲੌਦ ਪਹੁੰਚੇ ਸਨ।

ਸੂਬਾ ਸਾਹਿਬ ਸਿੰਘ ਜੀ ਦੀ ਸ਼ਖਸੀਅਤ ਬਾਰੇ ਕਵੀ ਸੁਰਜੀਤ ਸਿੰਘ ਜੀ (ਜੀਵਨ ਨਗਰ) ਲਿਖਦੇ ਹਨ—

"ਜਨਮ ਕਾਲ ਤੋਂ ਜੋ ਵਿਰਕਤੀ ਕਰਕੇ ਘਰੋਂ ਕਿਨਾਰਾ।
ਰਲ ਕੇ ਸਾਧ ਮੰਡਲੀਆਂ ਵਿਚ ਜੋ ਤਪੀਆ ਬਣਿਆ ਭਾਰਾ
ਚੀਨੀ ਵਾਲੇ ਪਾਰਸ ਤੋਂ ਜੋ ਕਚਹੁ ਕੰਚਨ ਹੋਇਆ।
ਰਹੇ ਚਮਕਦਾ ਉਹ ਹਮੇਸ਼ਾਂ ਸੂਬਾ ਸਾਹਿਬ ਸਿੰਘ ਪਿਆਰਾ।

ਉਪਰੋਕਤ ਪੰਗਤੀਆਂ ਸੂਬਾ ਸਾਹਿਬ ਸਿੰਘ ਜੀ ਦੇ ਸੱਚੇ ਸੁੱਚੇ ਆਚਰਣ ਤੇ ਚਾਨਣਾ ਪਾਉਂਦੀਆਂ ਹਨ। ਉਨ੍ਹਾਂ ਨੇ ਇਕੋ ਇਕ ਸਤਿਗੁਰੂ ਜੀ ਦੀ ਓਟ ਤਕਾਈ ਅਤੇ ਗੁਰੂ ਤੇ ਭਰੋਸਾ ਰੱਖ ਕੇ ਹਰੇਕ ਕੰਮ ਕੀਤਾ। ਚੀਮਾ ਜੀ ਦੀਆਂ ਦੋ ਲਾਈਨਾਂ ਬਹੁਤ ਸੁੰਦਰ ਹਨ—

ਇਕ ਤੇ ਓਟ ਜਿੰਨਾ ਨੇ ਰੱਖੀ,
ਉਹ ਲੰਘ ਗਏ ਭਵਰੋਂ ਬੰਨੇ
ਰਾਹ ਦੇ ਵਿਚ ਭਟਕਦੇ ਮਰ ਗਏ,



Sri Satguru Jagjit Singh Ji eLibrary NamdhariElibrary@gmail.com

ਜੋ ਫਿਰਦੇ ਹੰਨੇ ਹੰਨੇ"
ਜੇ ਤੂੰ ਸੱਜਣਾ ਰੱਬ ਨੂੰ ਪਾਉਣਾ
ਕਾਮਲ ਗੁਰੂ ਮਨਾ ਲੈ"
ਫੰਡਰਾਂ ਹੇਠੋਂ ਕਦੇ ਨਾ ਮਿਲਦੇ ਚੀਮਾ ਦੁੱਧ ਦੇ ਛੰਨੇ

ਸਤਿਗੁਰੂ ਜੀ ਦੇ ਚਰਨਾਂ ਤੇ ਪੂਰਨ ਵਿਸ਼ਵਾਸ ਰੱਖਣ ਵਾਲੇ ਸੂਬਾ ਸਾਹਿਬ ਸਿੰਘ ਜੀ ਇਕ ਮਹਾਨ ਪੁਰਸ਼ ਸਨ। ਅਤੇ ਉਨ੍ਹਾਂ ਨੇ ਹਮੇਸ਼ਾਂ ਪੰਥ ਦੀ ਖ਼ਾਤਰ ਸੋਚਿਆ, ਸਿੱਖੀ ਦੀ ਖ਼ਾਤਰ ਸੋਚਿਆ, ਧਰਮ ਦੀ ਖ਼ਾਤਰ ਸੋਚਿਆ, ਅਤੇ ਏਸੇ ਸੋਚ ਨੂੰ ਲੈ ਕੇ ਉਹ ਅੰਤ ਸਮੇਂ ਤੱਕ ਧਰਮ ਕਰਮ ਵਾਸਤੇ ਜੂਝਦੇ ਰਹੇ, ਅਤੇ ਪਰਮੇਸ਼ਰ ਦਾ ਭਾਣਾ ਮਿੱਠਾ ਕਰਕੇ ਮੰਨਦੇ ਰਹੇ। ਪ੍ਰਦੇਸ਼ ਜਾਣ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਤੁਰਨ ਦਾ ਅਰਦਾਸਾ ਆਪ ਕੀਤਾ ਸੀ। ਬਾਬੇ ਸਾਹਿਬ ਸਿੰਘ ਅਰਜ ਕੀਤੀ। ਕੁਝ ਨਾਲ ਲੈ ਲਈਏ ? ਗੁਰੂ ਜੀ ਕਹਾ ਲੈ ਲਓ। ਪੰਜਾਹ ਸੱਠ ਰੁਪੈ ਨਾਲ ਲਏ ਸਨ।

ਸ੍ਰੀ ਭੈਣੀ ਸਾਹਿਬ ਤੋਂ ਰਵਾਨਗੀ ਸਮੇਂ ੧੭ ਜਨਵਰੀ ਸੰਨ ੧੮੭੨ ਸ਼ਾਮ ਨੂੰ ਸਤਿਗੁਰੂ ਜੀ ਨਾਨੂੰ ਸਿੰਘ ਗੜਵਈ ਭਾਈ ਗੁਰਦਿੱਤ ਸਿੰਘ ਗਾਡੀ ਤੋਂ ਇਲਾਵਾ ਕੇਵਲ ਸੂਬਾ ਸਾਹਿਬ ਸਿੰਘ ਤੇ ਬਾਬਾ ਜਵਾਹਰ ਸਿੰਘ ਜੀ ਨੂੰ ਗੱਡੇ ਤੇ ਬੈਠਣ ਦਾ ਹੁਕਮ ਸੀ। ਬਾਬਾ ਲੱਖਾ ਸਿੰਘ ਜੀ ਨੂੰ ਲੁਧਿਆਣੇ ਰਿਪੋਰਟ ਦੇਣ ਗਿਆਂ ਹੀ ਗ੍ਰਿਫਤਾਰ ਕਰ ਲਿਆ ਸੀ। ਲੁਧਿਆਣੇ ਤੋਂ ਪਰਾਗਰਾਜ ਜਾਂਦਿਆਂ ਰੇਲ ਵਿਚ ਬੈਠਿਆਂ ਬਾਬਾ ਸਾਹਿਬ ਸਿੰਘ ਨੇ ਬੜੀ ਹੈਰਾਨੀ ਨਾਲ ਅਰਜ ਕੀਤੀ। ਫਰੰਗੀ ਐਵੇਂ ਹੀ ਫੜ ਲਿਆ ਹੈ, ਕੁਝ ਹੱਥ ਨਾ ਵਿਖਾਇਆ। ਗੁਰੂ ਜੀ ਬਚਨ ਕੀਤਾ ਅੰਗਰੇਜ਼ ਦੀ ਜੜ ਪੱਟ ਹੱਥ ਤੇ ਧਰੀ ਹੈ। ਤੁਸੀਂ ਇੰਨ੍ਹਾਂ ਨਾਲ ਯੁੱਧ ਕਰੋਗੇ ਤਾਂ ਇੰਨ੍ਹਾਂ ਦੀ ਜੜ ਪਤਾਲ ਵਿਚ ਚਲੀ ਜਾਵੇਗੀ। ਸੱਚੇ ਪਾਤਸ਼ਾਹ ਜੀ ਦੇ ਬਚਨ ਸੁਣ ਕੇ ਬਾਬਾ ਜੀ ਦਾ ਮਨ ਸ਼ਾਂਤ ਹੋਇਆ। ਬਾਬੇ ਜਵਾਹਰ ਸਿੰਘ ਜੀ ਬਚਨ ਕੀਤਾ। ਗੁਰੂ ਜੀ ਕੋਈ ਚਮਤਕਾਰਾ ਵੀ ਨਾ ਵਿਖਾਇਆ ਫਰੰਗੀਆਂ ਨੂੰ। ਗੁਰੂ ਜੀ ਬਚਨ ਕੀਤਾ ਅੱਜ ਤੋਂ ਅੱਠਵੇਂ ਦਿਨ ਮੈਨੂੰ ਕਿਧਰੇ ਹੋਰ ਲੈ ਜਾਣਗੇ। ਫਿਰ ਤੁਹਾਨੂੰ ਵੀ ਸਾਡੇ ਨਾਲੋਂ ਜੁਦਾ ਕਰ ਦੇਣਗੇ। ਤਾਂ ਤੁਸੀਂ ਚਮਤਕਾਰਾ ਜਾਣਿਓਂ। ਜੇਕਰ ਇਹ ਬਚਨ ਪੂਰਾ ਹੋਇਆ ਅੱਗੇ ਵੀ ਸਭ ਕੁਝ ਹੋਊਗਾ ਜੇ ਨਾ ਖਿੰਡਾਏ ਤਾਂ ਜਾਣਿਓਂ ਕੁਝ ਨਹੀਂ ਹੁੰਦਾ। ਸਤਿਗੁਰੂ ਜੀ ਦੇ ਬਚਨ ਅਨੁਸਾਰ ਅੱਠਵੇਂ ਦਿਨ ਨਾਨੂੰ ਸਿੰਘ ਨੂੰ ਕਿਲੇ ਵਿਚੋਂ ਲੈ ਗਏ। ਸ੍ਰੀ ਸਤਿਗੁਰੂ ਤੇ ਨਾਨੂੰ ਸਿੰਘ ਨੂੰ ਰੰਗੂਨ ਟਾਪੂ ਵਿਚ ਲੈ ਗਏ। ਬਾਬਾ ਜਵਾਹਰ ਸਿੰਘ, ਬਾਬਾ ਬ੍ਰਹਮਾ ਸਿੰਘ, ਬਾਬਾ ਲੱਖਾ ਸਿੰਘ, ਜੀ ਇਹ ਤਿੰਨੇ ਮੌਲਮੀਨ ਟਾਪੂ ਵਿਚ ਭੇਜੇ। ਬਾਬਾ ਪਹਾੜਾ ਸਿੰਘ, ਅਰੂੜ ਸਿੰਘ, ਬਾਬਾ ਮਲੂਕ ਸਿੰਘ ਅਸੀਰਗੜ੍ਹ ਕਿਲੇ ਭੇਜੇ। ਬਾਬਾ ਹੁਕਮਾ ਸਿੰਘ, ਬਾਬਾ ਮਾਨ ਸਿੰਘ, ਚਿਨਾਰਗੜ੍ਹ ਕਿਲ੍ਹੇ ਵਿਚ ਭੇਜ ਦਿੱਤੇ। ਬਾਬਾ ਕਾਹਨ ਸਿੰਘ, ਬਾਬਾ ਸਾਹਿਬ ਸਿੰਘ ਜੀ ਨੂੰ ਹਜ਼ਾਰੀ ਬਾਗ ਜ਼ੇਲ੍ਹ ਵਿਚ ਭੇਜ ਦਿੱਤਾ ਗਿਆ।

(ਸਤਿਗੁਰੂ ਬਿਲਾਸ ਭਾਗ ੧ ਪੰਨਾ ੪੬੩)

ਲਗਭਗ ਦੋ ਸਾਲ ਨੌਂ ਮਹੀਨੇ ਅਦਨ ਰਹਿਣ ਤੇ ਸਾਹਿਬ ਸਿੰਘ ਤੇ ਕਾਹਨ ਸਿੰਘ ਹੁਰਾਂ ਦੀ ਸਿਹਤ ਖਰਾਬ ਹੋ ਗਈ। ਅਦਨ ਦੇ ਜ਼ੇਲ੍ਹ ਸੁਪਰਡੈਂਟ ਦੀ ੨ ਜਨਵਰੀ ੧੮੭੫ ਦੀ ਚਿੱਠੀ ਵਿਚ ਲਿਖਿਆ ਹੈ ਕਿ ਸਾਹਿਬ ਸਿੰਘ ਤੇ ਕਾਹਨ ਸਿੰਘ ਦੇ ਸਰੀਰ ਤੇ ਫੋੜੇ ਨਿਕਲ ਆਏ ਹਨ। ਉਨ੍ਹਾਂ ਦੀ ਸਿਹਤ ਪਹਿਲਾਂ ਨਾਲੋਂ ਖਰਾਬ ਹੈ। ਇੰਨਾਂ ਦੋਹਾਂ ਨੂੰ ਵਾਪਸ ਹਿੰਦੁਸਤਾਨ ਭੇਜਣ ਲਈ ਗਵਰਨਰ ਜਨਰਲ ਤੋਂ ਪੁੱਛਿਆ ਗਿਆ, ਤਦ ਉੱਤਰ ਵਿਚ ਉਸਨੇ ਲਿਖਿਆ ਅਲਾਹਾਬਾਦ ਨੂੰ ਛੱਡ ਕੇ ਪੰਜਾਬੋਂ ਬਾਹਰ ਕਿਤੇ ਵੀ ਇੰਨ੍ਹਾਂ ਨੂੰ ਭੇਜਿਆ ਜਾ ਸਕਦਾ ਹੈ। ਪਰ ਲੱਗਦੇ ਹੱਥ ਉਸਨੇ ਹਜ਼ਾਰੀ ਬਾਗ ਦੀ ਸਿਫ਼ਾਰਸ਼ ਕੀਤੀ। ਗਵਰਨਰ ਜਨਰਲ ਦੇ ਹੁਕਮ ਨਾਲ ਸਾਹਿਬ ਸਿੰਘ ਕਾਹਨ ਸਿੰਘ ਦੋਵੇਂ ਜਾਣੇ ਮਈ ੧੮੭੯ ਵਿਚ ਦੋ ਦੋ ਦੇਸੀ ਸਿਪਾਹੀਆਂ ਨਾਲ ਹਜ਼ਾਰੀ ਬਾਗ ਜੇਲ੍ਹ ਭੇਜ ਦਿੱਤੇ। ਏਥੇ ਪਹੁੰਚ ਕੇ ਸਿਹਤ ਵਧੇਰੇ ਖਰਾਬ ਹੋ ਚੁੱਕੀ ਸੀ। ਜੇਲ੍ਹ ਸੁਪਰਡੈਂਟ ਦੀ ੨੧.੫.੧੮੭੫ ਦੀ ਚਿੱਠੀ ਅਨੁਸਾਰ ਸਾਹਿਬ ਸਿੰਘ ਜਿਆਬਤੀਸ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ। ਤੇ ਇਸ ਰੋਗ ਨੇ ਬੜੀ ਭੈੜੀ ਹਾਲਤ ਸਰੀਰ ਦੀ ਕਰ ਦਿੱਤੀ ਸੀ। ਸੂਬਾ ਸਾਹਿਬ ਸਿੰਘ ਤੋਂ ਕਾਹਨ ਸਿੰਘ ਜੀ ਨੂੰ ਵੱਖ ਵੱਖ ਥਾਵਾਂ ਤੇ ਹਜ਼ਾਰੀ ਬਾਗ ਜੇਲ੍ਹ ਵਿਚ ਰੱਖਿਆ ਗਿਆ ਇਕ ਦੂਜੇ ਨੂੰ ਮਿਲਣ ਤੇ ਪਾਬੰਦੀ ਸੀ। ਸਾਹਿਬ ਸਿੰਘ ਦੀ ਸਿਹਤ ਦਿਨੋ ਦਿਨ ਹੋਰ ਵਿਗੜਦੀ ਜਾ ਰਹੀ ਸੀ। ਸਰਕਾਰ ਮੂੰਹੋਂ ਤਾਂ ਆਖ ਰਹੀ ਸੀ ਕਿ ਇਹਨਾਂ ਦਾ ਇਲਾਜ ਕਰਵਾਇਆ ਜਾਵੇ। ਪਰ ਅਸਲ ਵਿਚ ਕੋਈ ਯੋਗ ਇਲਾਜ ਨਾ ਹੋ ਸਕਿਆ ਸੀ। ਜਾਪਦਾ ਹੈ ਕਿ ਸਰਕਾਰ ਨੇ ਜਾਣ ਬੁੱਝ ਕੇ ਇਲਾਜ ਕਰਵਾਉਣ ਵਿਚ ਕੁਤਾਹੀ ਵਰਤੀ ਹੈ। ਇਹਨਾਂ ਦੀ ਕੂੜ ਨੀਤੀ ਦਾ ਸ਼ਿਕਾਰ ਹੋ ਕੇ ਨਾਮਧਾਰੀ ਪੰਥ ਦਾ ਇਹ ਨਿਧੜਕ ਜਰਨੈਲ, ਦਲੇਰ, ਸਿਦਕਵਾਨ, ਇਮਾਨਦਾਰ, ਪੰਥ ਦਾ ਅਣਮੁੱਲਾ ਹੀਰਾ ੧੦ ਜੂਨ ੧੮੭੯ ਨੂੰ ਸਾਨੂੰ ਸਦਾ ਲਈ ਵਿਛੋੜਾ ਦੇ ਗਿਆ।

ਸੂਬਾ ਸਾਹਿਬ ਸਿੰਘ ਦੇਹ ਕਰਕੇ ਤਾਂ ਭਾਵੇਂ ਸਾਡੇ ਵਿਚ ਨਹੀਂ, ਪਰ ਯਾਦ ਕਰਕੇ ਉਹ ਸਦਾ ਹੀ ਸਾਡੇ ਮਨਾਂ ਵਿਚ ਰਹਿਣਗੇ।



Sri Satguru Jagjit Singh Ji eLibrary NamdhariElibrary@gmail.com

ਸੂਬਾ ਸਾਹਿਬ ਸਿੰਘ ਜੀ (ਬੰਗਾਲੀ ਪੁਰ)

ਸ੍ਰੀ ਗੁਰੂ ਰਾਮ ਸਿੰਘ ਦਾ ਸਪੂਤ ਸੀ
ਸੋਹਿਆ ਖਿਲਾਫ ਜਿਸ ਸਾਰੀ ਕੂਕ ਸੀ
ਦੇਸ਼ ਕੌਮ ਉੱਤੋਂ ਵਾਰਤੀ ਜਵਾਨੀ ਆ
ਸਾਹਿਬ ਸਿੰਘਾਂ ਤੇਰੀ ਧੰਨ ਕੁਰਬਾਨੀ ਆ

ਤਨ ਮਨ ਧਨ ਦੇਸ਼ ਉੱਤੋਂ ਵਾਰੇ ਸੀ
ਹਜ਼ਾਰੀ ਬਾਗ ਜੇਲ੍ਹ ਕਸ਼ਟ ਸਹਾਰੇ ਸੀ
ਦਾਨਵੀਰ ਬਣ ਵਾਰੀ ਜ਼ਿੰਦਗਾਨੀ ਆ
ਸਾਹਿਬ ਸਿੰਘਾ ਤੇਰੀ ਧੰਨ ਕੁਰਬਾਨੀ ਆ

ਜ਼ੁਲਮ ਜਬਰ ਤਨ ਤੇ ਸਹਾਰਿਆ
ਸੇਵਾ ਕੀਤੀ ਸਦਾ ਬਣ ਸੇਵਾਦਾਰ ਆ
ਸੋਭਾ ਤੇਰੀ ਜੱਗ ਤੇ ਹੋਵਣੀ ਸਹਾਨੀ ਆ
ਸਾਹਿਬ ਸਿੰਘਾ! ਤੇਰੀ ਧੰਨ ਕੁਰਬਾਨੀ ਆ

ਕਾਮ ਕ੍ਰੋਧ ਵਾਲੇ ਧਕੇ ਤਾਂਈ ਤੋੜਿਆ
ਸਤਿ ਕਰਿਕੇ ਗੁਰੂ ਦਾ ਬਚਨ ਮੰਨਿਆ
ਗੁਰਬਾਣੀ ਕੰਠ ਕਰ ਲਈ ਜ਼ੁਬਾਨੀ ਆ
ਸਾਹਿਬ ਸਿੰਘਾ! ਤੇਰੀ ਧੰਨ ਕੁਰਬਾਨੀ ਆ

ਕਰਮਾਂ ਨੇ ਆਣਕੇ ਚੱਕਰ ਫੇਰਿਆ
ਚੰਦਰੀ ਬਿਮਾਰੀ ਉਹਨੂੰ ਲਿਆ ਘੇਰ ਆ
~~ਹੋਣੀ ਲਈ~~
ਹੋਣੀ ਲੈ ਗਈ ਖੋਹਕੇ ਕੀਮਤੀ ਨਿਸ਼ਾਨੀ ਆ
ਸਾਹਿਬ ਸਿੰਘਾ! ਤੇਰੀ ਧੰਨ ਕੁਰਬਾਨੀ ਆ

ਧਰਮ ਦਾ ਝੰਡਾ ਜੱਗ ਤੇ ਝੁਲਾ ਗਏ
ਓੜਕ ਪ੍ਰੀਤ ਆਪਣੀ ਨਿਭਾ ਗਏ
ਗੁਰਸੇਵਕ ਨੇ ਲਿਖਤੀ ਕਹਾਣੀ ਆ
ਸਾਹਿਬ ਸਿੰਘਾ! ਤੇਰੀ ਧੰਨ ਕੁਰਬਾਨੀ ਆ

Sri Satguru Jagjit Singh Ji eLibrary NamdhariElibrary@gmail.com